ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਕਾਰਜ ਸੰਚਾਲਨ ਸ਼ਾਖਾ)

ਨੰ:ਪਸਸਬ-ਕਸ-2018-93153

ਮਿਤੀ 06-03-18

ਵੱਲ

ਪੰਜਾਬ ਰਾਜ ਦੇ ਸਮੂਹ
ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ

ਵਿਸ਼ਾ:- **ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰਯੋਗੀ ਪ੍ਰੀਖਿਆਵਾਂ ਅਪ੍ਰੈਲ 2018 ਲਈ ਆਪਣੇ ਸਕੂਲ (Self School) ਵਿੱਚ ਪ੍ਰਯੋਗੀ ਪ੍ਰੀਖਿਆ ਦੇ ਸੰਚਾਲਨ ਸਬੰਧੀ।**

ਵਿਸ਼ੇ ਅਧੀਨ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪ੍ਰੀਖਿਆਵਾਂ ਮਿਤੀ 01-04-2018 ਤੋਂ ਕਰਵਾਈਆਂ ਜਾ ਰਹੀਆਂ ਹਨ। ਇਸ ਵਾਰ ਤੋਂ ਪ੍ਰਯੋਗੀ ਪ੍ਰੀਖਿਆ ਪ੍ਰੀਖਿਆਰਥੀਆਂ ਦੇ ਆਪਣੇ ਪੜ੍ਹਦੇ ਸਕੂਲ ਵਿਖੇ ਹੀ ਕਰਵਾਈ ਜਾਣੀ ਹੈ ਭਾਵ ਜਿਸ ਸਕੂਲ ਵਿੱਚ ਪ੍ਰੀਖਿਆਰਥੀ ਰੈਗੂਲਰ ਪੜ੍ਹ ਰਿਹਾ ਹੈ ਉਸੇ ਸਕੂਲ ਵਿੱਚ ਹੀ ਉਸਦੀ ਪ੍ਰਯੋਗੀ ਪ੍ਰੀਖਿਆ ਲਈ ਜਾਵੇਗੀ। ਜੇਕਰ ਕਿਸੇ ਸਕੂਲ ਵਿੱਚ ਆਪਣੇ 20 ਤੋਂ ਘੱਟ ਪ੍ਰੀਖਿਆਰਥੀ ਹਨ ਤਾਂ ਉਨ੍ਹਾਂ ਪ੍ਰੀਖਿਆਰਥੀਆਂ ਦੀ ਪ੍ਰਯੋਗੀ ਪ੍ਰੀਖਿਆ ਨਜਦੀਕੀ ਪ੍ਰੀਖਿਆ ਕੇਂਦਰ ਵਿਖੇ ਕਰਵਾਈ ਜਾਵੇਗੀ। ਪ੍ਰਯੋਗੀ ਪ੍ਰੀਖਿਆਵਾਂ ਦੇ ਪ੍ਰੋਗਰਾਮ ਚਾਰਟ ਅਤੇ ਦਫਤਰ ਵੱਲੋਂ ਭੇਜੇ ਜਾਣ ਵਾਲੇ ਪ੍ਰਯੋਗੀ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਦੇ ਸਥਾਨ ਅਤੇ ਮਿਤੀ ਸਬੰਧੀ ਸਕੂਲ ਪੋਰਟਲ ਤੇ ਆਪ ਜੀ ਨੂੰ ਬਾਅਦ ਵਿੱਚ ਸੂਚਿਤ ਕਰ ਦਿੱਤਾ ਜਾਵੇਗਾ।

ਨੋਟ:- ਪ੍ਰਯੋਗੀ ਪ੍ਰੀਖਿਆਵਾਂ ਦੀ ਡੇਟ ਸ਼ੀਟ ਬੋਰਡ ਦੀ ਵੈਬ-ਸਾਈਟ ਉੱਤੇ ਉਪਲਬਧ ਹੈ।

ਸਹਾਇਕ- ਸਕੱਤਰ (ਕ.ਸ)
ਵਾਸਤੇ ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ ਰਾਜ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

6/3/18
ਸਹਾਇਕ- ਸਕੱਤਰ (ਕ.ਸ)
ਵਾਸਤੇ ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਪਿੱਠ ਅੰਕਣ ਨੰ- ਐਸ-1/1 ਪ੍ਰਯੋਗੀ ਪ੍ਰੀਖਿਆ/2018/1560 ਮਿਤੀ ਮਾਨਸਾ-9.3.2018

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ।

Scanned by CamScanner